Punjabi/ਪੰਜਾਬੀ

# ਜੇ ਤੁਹਾਨੂੰ ਗਿਰਫਤਾਰ ਕਰ ਲਿਆ ਜਾਂਦਾ ਹੈ ਤਾਂ ਕੀ ਹੋਏਗਾ

CALGARY POLICE SERVICE

## ਦੇਖਭਾਲ ਦਾ ਵਰਣਨ

ਜੇ ਤੁਹਾਨੂੰ ਗਿਰਫਤਾਰ ਕਰ ਲਿਆ ਜਾਂਦਾ ਹੈ ਤਾਂ ਤੁਹਾਡੇ ਨਾਲ ਇਸ ਤਰਾਂ ਵਿਵਹਾਰ ਕੀਤਾ ਜਾਵੇਗਾ

- ਹਮਦਰਦੀ (ਦੇਖਭਾਲ) ਨਾਲ
- ਇੱਜ਼ਤ (ਸੱਭਿਅਤਾ) ਨਾਲ
- ਸਤਿਕਾਰ (ਨਿਮਰਤਾ) ਨਾਲ
- ਇਨਸਾਫ਼ (ਨਿਰਪੱਖਤਾ) ਨਾਲ

ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕੌਣ ਹੋ ਜਾਂ ਤੁਸੀਂ ਕਿਵੇਂ ਵਿਵਹਾਰ ਕਰਦੇ ਹੋ।

ਅਸੀਂ ਇਹ ਸੁਨਿਸ਼ਚਿਤ ਕਰਦੇ ਹਾਂ ਕਿ ਤੁਹਾਡੇ ਕੋਲ ਇਹ ਹੋਣ:

- ਸਰੀਰਕ ਅਤੇ ਭਾਵਨਾਤਮਕ ਸੁਰੱਖਿਆ
- ਸੁਰੱਖਿਆ
- ਇੱਜ਼ਤ
- ਗੋਪਨੀਯਤਾ

ਇਹ ਹਰੇਕ ਲਈ ਹੈ ਅਤੇ ਇਹਨਾਂ ਕਰਕੇ ਨਹੀਂ ਬਦਲਦਾ:

- ਤੁਹਾਡੀ ਉਮਰ
- ਤੁਹਾਡੀ ਨਸਲ, ਸਭਿਆਚਾਰ ਜਾਂ ਧਰਮ
- ਤੁਹਾਡਾ ਲਿੰਗ
- ਤੁਹਾਡੀ ਸਰੀਰਕ ਯੋਗਤਾ
- ਤੁਹਾਡੀ ਮਾਨਸਿਕ ਯੋਗਤਾ
- ਤੁਹਾਡੀ ਆਰਥਿਕ ਸਥਿਤੀ (ਤੁਹਾਡੇ ਕੋਲ ਕਿੰਨਾਂ ਪੈਸਾ ਹੈ ਜਾਂ ਤੁਸੀਂ ਜਿੰਨਾਂ ਬਣਾਉਂਦੇ ਹੋ)

## ਜਦੋਂ ਤੁਹਾਨੂੰ ਗਿਰਫਤਾਰ ਕੀਤਾ ਜਾਂਦਾ ਹੈ ਅਤੇ ਹਿਰਾਸਤ ਵਿੱਚ ਰੱਖਿਆ ਜਾਂਦਾ ਹੈ, ਤਾਂ ਤੁਹਾਡੇ ਹੱਕ ਹੁੰਦੇ ਹਨ

ਤੁਹਾਡੇ ਅਧਿਕਾਰ ਇਹ ਹਨ:

- ਇਕ ਪੁਲਿਸ ਅਫ਼ਸਰ ਨੂੰ ਲਾਜ਼ਮੀ ਤੌਰ ‘ਤੇ ਦੱਸਣਾ ਪਏਗਾ ਕਿ ਤੁਹਾਨੂੰ ਕਿਉਂ ਗਿਰਫ਼ਤਾਰ ਕੀਤਾ ਗਿਆ ਹੈ ਅਤੇ ਕਿਉਂ ਹਿਰਾਸਤ ਵਿੱਚ ਰੱਖਿਆ ਗਿਆ ਹੈ
- **ਤੁਹਾਡੇ ਕੋਲ ਕੁਝ ਨਾ ਬੋਲਣ ਦਾ ਅਧਿਕਾਰ ਹੈ।** ਜੋ ਕੁਝ ਵੀ ਤੁਸੀਂ ਕਹਿੰਦੇ ਹੋ ਬਾਅਦ ਦੀ ਅਦਾਲਤ ਦੀ ਤਰੀਕ ਤੇ ਤੁਹਾਡੇ ਵਿਰੁੱਧ ਸਬੂਤ ਹੋ ਸਕਦੇ ਹਨ। ਕੀ ਤੁਸੀਂ ਨਿਸ਼ਚਿਤ ਨਹੀਂ ਹੋ ਕਿ ਜੇ ਤੁਹਾਨੂੰ ਬੋਲਣਾ ਚਾਹੀਦਾ ਹੈ? ਇੰਤਜ਼ਾਰ ਕਰੋ ਜਦੋਂ ਤਕ ਤੁਸੀਂ ਪਹਿਲਾਂ ਇੱਕ ਵਕੀਲ ਨਾਲ ਗੱਲ ਨਹੀਂ ਕਰ ਲੈਂਦੇ।
- **ਕੀ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ?** ਜੇ ਤੁਸੀਂ ਕਿਸੇ ਬਾਲਗ ਨੂੰ ਦੱਸਣਾ ਚਾਹੁੰਦੇ ਹੋ ਕਿ ਤੁਸੀਂ ਕਿੱਥੇ ਹੋ, ਜਿਵੇਂ ਇੱਕ ਪਰਿਵਾਰਕ ਮੈਂਬਰ, ਮਾਤਾ-ਪਿਤਾ, ਜਾਂ ਸਰਪ੍ਰਸਤ, ਤਾਂ ਪੁਲਿਸ ਅਫ਼ਸਰ ਨੂੰ ਦੱਸੋ।
- **ਕੀ ਤੁਸੀਂ ਬਿਮਾਰ, ਅਸਵਸਥ ਜਾਂ ਜਖਮੀ ਹੋ?** ਜੇ ਤੁਹਾਨੂੰ ਮੈਡੀਕਲ ਐਮਰਜੈਂਸੀ ਹੈ ਤਾਂ ਪੁਲਿਸ ਨੂੰ ਦੱਸੋ। ਮੈਡੀਕਲ ਸਹਾਇਤਾ ਮੁਫਤ ਹੈ।
- ਜੇ ਤੁਹਾਨੂੰ ਕੁਝ ਸਮਝ ਨਹੀਂ ਆਉਂਦਾ, ਕਿਰਪਾ ਕਰਕੇ ਮਦਦ ਲਈ ਸਾਨੂੰ ਪੁੱਛੋ।
- **ਕੀ ਤੁਹਾਨੂੰ ਦੁਭਾਸ਼ੀਏ ਦੀ ਜ਼ਰੂਰਤ ਹੈ?** ਪੁਲਿਸ ਨੂੰ ਦੱਸੋ। ਇਹ ਮੁਫਤ ਹੈ ਅਤੇ ਪੁਲਿਸ ਦੁਆਰਾ ਮੁਹੱਈਆ ਕੀਤਾ ਜਾਂਦਾ ਹੈ।
- **ਕੀ ਤੁਸੀਂ ਕਨੇਡੀਅਨ ਹੋ?** ਜੇ ਤੁਸੀਂ ਕਨੇਡੀਅਨ ਨਹੀਂ ਹੋ, ਤਾਂ ਸਾਨੂੰ ਦੱਸੋ। ਜੇ ਤੁਸੀਂ ਚਾਹੁੰਦੇ ਹੋ, ਤਾਂ ਅਸੀਂ ਤੁਹਾਡੀ ਹਾਈ ਕਮਿਸ਼ਨ, ਅੰਬੈਸੀ ਜਾਂ ਕੌਂਸਲੇਟ ਨਾਲ ਸੰਪਰਕ ਕਰ ਸਕਦੇ ਹਾਂ ਅਤੇ ਉਨ੍ਹਾਂ ਨੂੰ ਦੱਸ ਸਕਦੇ ਹਾਂ ਕਿ ਤੁਸੀਂ ਕਿੱਥੇ ਹੋ ਅਤੇ ਤੁਸੀਂ ਥਾਣੇ ਵਿਚ ਕਿਉਂ ਹੋ।
- *ਜਸਟਿਸ ਆਫ਼ ਦ ਪੀਸ* ਦੀ ਉਪਾਧੀ ਵਾਲਾ ਇੱਕ ਵਿਅਕਤੀ ਤੁਹਾਡੇ ਦੋਸ਼ਾਂ ਦੀ ਸਮੀਖਿਆ ਕਰੇਗਾ ਅਤੇ ਨਿਰਧਾਰਤ ਕਰੇਗਾ ਕਿ ਅੱਗੇ ਕੀ ਹੋਣਾ ਹੈ।
- ਕੁਝ ਮਾਮਲਿਆਂ ਵਿੱਚ, ਤੁਹਾਨੂੰ ਚਾਰਜ ਕੀਤਾ ਜਾ ਸਕਦਾ ਹੈ ਅਤੇ ਕਾਗਜ਼ਾਤਾਂ ਨਾਲ ਰਿਹਾ ਕੀਤਾ ਜਾ ਸਕਦਾ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਡੇ ਕੋਲ ਇਹ ਅਧਿਕਾਰ ਹੈ:
    - ਕਾਗਜ਼ਾਤ ਪੜ੍ਹਨ ਅਤੇ ਵੇਖਣ ਦਾ ਕਿ ਤੁਹਾਡੇ ਲਈ ਕਿਸ ਤਰੀਕ ਨੂੰ ਅਦਾਲਤ ਜਾਣਾ ਅਤੇ ਆਪਣੀ ਉਂਗਲੀਆਂ ਦੇ ਨਿਸ਼ਾਨ ਦੇਣਾ ਜ਼ਰੂਰੀ ਹੈ
    - ਅਦਾਲਤ ਦੀ ਉਸ ਤਾਰੀਖ ਤੋਂ ਪਹਿਲਾਂ ਸਲਾਹ ਲਈ ਕਿਸੇ ਵਕੀਲ ਨਾਲ ਗੱਲ ਕਰਨ ਦਾ
- ਕੁਝ ਮਾਮਲਿਆਂ ਵਿਚ, ਜੇ ਤੁਹਾਡੇ ਵਿਰੁੱਧ ਦੋਸ਼ ਗੰਭੀਰ ਹਨ, ਜਾਂ ਜੇ ਤੁਹਾਡੀ ਗਿਰਫਤਾਰੀ ਲਈ ਕੋਈ ਵਾਰੰਟ ਹੈ:
    - ਤੁਹਾਨੂੰ ਪੁਲਿਸ ਦੀ ਕਾਰ ਵਿਚ ਬਿਠਾ ਦਿੱਤਾ ਜਾਂਦਾ ਹੈ ਅਤੇ ਇਥੋਂ *ਅਰੈਸਟ ਪ੍ਰੋਸੈਸਿੰਗ* ਨਾਮਕ ਜਗ੍ਹਾ ਤੇ ਲਿਜਾਇਆ ਜਾਂਦਾ ਹੈ
    - ਤੁਸੀਂ ਇਕ *ਜਸਟਿਸ ਆਫ਼ ਦ ਪੀਸ* (ਉਹ ਜਨਤਕ ਵਰਕਰ ਜਿਹੜਾ ਤੁਹਾਡੇ ਕੰਮ ਦੀ ਪੜਤਾਲ ਕਰਦਾ ਹੈ) ਨੂੰ ਮਿਲਦੇ ਹੋ
    - ਤੁਹਾਡੀ ਜ਼ਮਾਨਤ ਦੀ ਸੁਣਵਾਈ ਹੁੰਦੀ ਹੈ
    - ਜਦੋਂ ਤਕ ਇਹ ਸਭ ਪੂਰਾ ਨਹੀਂ ਹੁੰਦਾ ਤੁਹਾਨੂੰ ਹਿਰਾਸਤ ਵਿਚ ਰੱਖਿਆ ਜਾਂਦਾ ਹੈ (ਇਸਦਾ ਮਤਲਬ ਇਹ ਹੈ ਕਿ ਤੁਹਾਡੇ ਲਈ ਅਜਿਹੀ ਜਗ੍ਹਾ ਵਿੱਚ ਰਹਿਣਾ ਲਾਜ਼ਮੀ ਹੈ ਜਿਥੇ ਪੁਲਿਸ ਤੁਹਾਡੀ ਨਿਗਰਾਨੀ ਕਰ ਸਕਦੀ ਹੈ)
        - ਇਸ ਸਭ ਨੂੰ ਪੂਰਾ ਹੋਣ ਵਿੱਚ 18 ਤੋਂ 24 ਘੰਟੇ ਤੱਕ ਲਗ ਸਕਦੇ ਹਨ

## ਜਦੋਂ ਤੁਸੀਂ ਅਰੈਸਟ ਪ੍ਰੋਸੈਸਿੰਗ ਤੇ ਪਹੁੰਚਦੇ ਹੋ ਤਾਂ ਕੀ ਹੁੰਦਾ ਹੈ

ਜਦੋਂ ਤੁਸੀਂ ਪਹੁੰਚਦੇ ਹੋ, ਤੁਹਾਨੂੰ ਬੁੱਕ ਕੀਤਾ ਜਾਂਦਾ ਹੈ। ਇਸਦਾ ਅਰਥ ਹੈ ਅਰੈਸਟ ਪ੍ਰੋਸੈਸਿੰਗ ਦਾ ਇੱਕ ਵਿਅਕਤੀ:

- ਡਿਟੈਂਸ਼ਨ ਰਿਕਾਰਡ ‘ਤੇ ਪਾਉਣ ਲਈ **ਤੁਹਾਨੂੰ ਤੁਹਾਡੀ ਨਿੱਜੀ ਜਾਣਕਾਰੀ ਮੰਗਦਾ ਹੈ**
- **ਤੁਹਾਡੀ ਫੋਟੋ ਅਤੇ ਤੁਹਾਡੇ ਫਿੰਗਰਪ੍ਰਿੰਟ ਲੈਂਦਾ ਹੈ।** ਤੁਹਾਡੇ ਖਿਲਾਫ ਅਪਰਾਧਿਕ ਦੋਸ਼ਾਂ ਦੀ ਪ੍ਰਕਿਰਿਆ ਲਈ ਤੁਹਾਡੇ ਫਿੰਗਰਪ੍ਰਿੰਟ ਅਤੇ ਫੋਟੋ ਜ਼ਰੂਰੀ ਹਨ।
- **ਸਰੀਰਕ ਤੌਰ ‘ਤੇ ਤੁਹਾਡੀ ਤਲਾਸ਼ੀ ਲੈਂਦਾ ਹੈ।** ਸਾਡੇ ਲਈ ਉਹ ਸਾਰੀਆਂ ਚੀਜ਼ਾਂ ਹਟਾਉਣਾ ਜ਼ਰੂਰੀ ਹੈ ਜਿਨ੍ਹਾਂ ਦੀ ਅੰਦਰ ਇਜਾਜ਼ਤ ਨਹੀਂ ਹੈ।

# ਜੇ ਤੁਹਾਨੂੰ ਗਿਰਫਤਾਰ ਕਰ ਲਿਆ ਜਾਂਦਾ ਹੈ ਤਾਂ ਕੀ ਹੋਏਗਾ

CALGARY POLICE SERVICE

## ਤੁਹਾਡੇ ਕਪੜੇ

ਤਲਾਸ਼ੀ ਤੋਂ ਬਾਅਦ, ਤੁਸੀਂ ਕੱਪੜਿਆਂ ਦੀ ਇਕ ਪਰਤ ਰੱਖ ਸਕਦੇ ਹੋ। ਬਾਕੀ ਸਭ ਕੁੱਝ ਜੋ ਤੁਸੀਂ ਪਾਇਆ ਹੈ ਨੂੰ ਇੱਕ ਬੈਗ ਵਿੱਚ ਪਾ ਦਿੱਤਾ ਜਾਂਦਾ ਹੈ ਅਤੇ ਤੁਹਾਡੇ ਲਈ ਸੁਰੱਖਿਅਤ ਰੱਖਿਆ ਜਾਂਦਾ ਹੈ।

ਜੇ ਤੁਹਾਡੇ ਕੱਪੜਿਆਂ ਨੂੰ ਸਬੂਤ ਵਜੋਂ ਲੈ ਲਏ ਜਾਣ ਦੀ ਜ਼ਰੂਰਤ ਹੈ ਜਾਂ ਕੱਪੜੇ ਪਹਿਨੇ ਨਹੀਂ ਜਾ ਸਕਦੇ, ਤਾਂ ਪੁਲਿਸ ਤੁਹਾਨੂੰ ਹੋਰ ਕੱਪੜੇ ਦਿੰਦੀ ਹੈ

## ਤੁਹਾਡੀ ਸੰਪਤੀ ਅਤੇ ਸਮਾਨ

ਜੋ ਵੀ ਤੁਸੀਂ ਆਪਣੇ ਨਾਲ ਰੱਖਦੇ ਹੋ ਨੂੰ ਇੱਕ ਬੈਗ ਵਿੱਚ ਪਾ ਦਿੱਤਾ ਜਾਂਦਾ ਹੈ ਅਤੇ ਤੁਹਾਡੇ ਲਈ ਸੁਰੱਖਿਅਤ ਰੱਖਿਆ ਜਾਂਦਾ ਹੈ। ਇਸ ਵਿੱਚ ਬੌਡੀ ਪਿਅਰਸਿੰਗਜ਼ ਜਾਂ ਗਹਿਣੇ ਸ਼ਾਮਲ ਹਨ।

ਅਸੀਂ ਤੁਹਾਡੇ ਕੱਪੜਿਆਂ ਅਤੇ ਸਮਾਨ ਦਾ ਲਿਖਤੀ ਰਿਕਾਰਡ ਬਣਾਉਂਦੇ ਹਾਂ ਜਿਸ ਨੂੰ *ਕੈਦੀ ਦੇ ਸਮਾਨ ਦਾ ਰਿਕਾਰਡ (Prisoner Property Record)* ਕਿਹਾ ਜਾਂਦਾ ਹੈ। ਅਸੀਂ ਤੁਹਾਨੂੰ ਉਸ ਰਿਕਾਰਡ 'ਤੇ ਦਸਤਖਤ ਕਰਨ ਲਈ ਕਹਿੰਦੇ ਹਾਂ। **ਕਿਰਪਾ ਕਰਕੇ ਇਹ ਸੁਨਿਸ਼ਚਿਤ ਕਰੋ ਕਿ ਰਿਕਾਰਡ ਸਹੀ ਹੈ ਅਤੇ ਤੁਹਾਡੇ ਦਸਤਖਤ ਕਰਨ ਤੋਂ ਪਹਿਲਾਂ ਤੁਹਾਡਾ ਸਾਰਾ ਸਮਾਨ ਸੂਚੀਬੱਧ ਹੈ।** ਜਦੋਂ ਤੁਹਾਡੀ ਰਿਹਾਈ ਹੁੰਦੀ ਹੈ ਤਾਂ ਤੁਹਾਡਾ ਸਮਾਨ ਤੁਹਾਨੂੰ ਵਾਪਸ ਕਰ ਦਿੱਤਾ ਜਾਂਦਾ ਹੈ।

## ਡਾਕਟਰੀ ਮੁਲਾਂਕਣ ਅਤੇ ਦੇਖਭਾਲ

ਤੁਹਾਡੇ ਬੁੱਕ-ਇਨ ਤੋਂ ਬਾਅਦ, ਇੱਕ ਮੈਡਿਕ (ਕੋਈ ਵਿਅਕਤੀ ਜੋ ਡਾਕਟਰ ਵਾਂਗ ਹੈ):

- ਤੁਹਾਡੇ ਨਾਲ ਗੱਲ ਕਰਦਾ ਹੈ
- ਇਹ ਸੁਨਿਸ਼ਚਿਤ ਕਰਨ ਲਈ ਤੁਹਾਡੀ ਸਰੀਰਕ ਅਤੇ ਭਾਵਨਾਤਮਕ ਤੰਦਰੁਸਤੀ ਦੀ ਜਾਂਚ ਕਰਦਾ ਹੈ ਕਿ ਤੁਸੀਂ ਅਰੈਸਟ ਪ੍ਰੋਸੈਸਿੰਗ ਵਿਚ ਰਹਿਣ ਲਈ ਕਾਫ਼ੀ ਸਿਹਤਮੰਦ ਹੋ

ਜੇ ਤੁਹਾਨੂੰ ਇੱਕ ਡਾਕਟਰ ਨੂੰ ਮਿਲਣ ਲਈ ਅਰੈਸਟ ਪ੍ਰੋਸੈਸਿੰਗ ਤੋਂ ਜਾਣ ਦੀ ਲੋੜ ਹੈ:

- ਮੈਡਿਕ ਅਤੇ ਪੁਲਿਸ ਇਸ ਦਾ ਪ੍ਰਬੰਧ ਕਰਦੇ ਹਨ
- ਤੁਹਾਨੂੰ ਆਪਣੀ ਬੀਮਾ ਕਵਰੇਜ ਦੇ ਅਧਾਰ ਤੇ, ਇਸਦਾ ਭੁਗਤਾਨ ਕਰਨਾ ਪੈ ਸਕਦਾ ਹੈ

**ਕੀ ਤੁਹਾਡੇ ਕੋਲ ਕੋਈ ਦਵਾਈਆਂ ਜਾਂ ਪ੍ਰਿਸਕ੍ਰਿਪਸ਼ਨਾਂ ਹਨ?** ਮੈਡਿਕ ਨੂੰ ਉਹਨਾਂ ਸਾਰੀਆਂ ਦਵਾਈਆਂ ਬਾਰੇ ਦੱਸੋ ਜੋ ਤੁਸੀਂ ਲੈ ਰਹੇ ਹੋ ਅਤੇ ਜੇ ਉਹ ਤੁਹਾਡੇ ਕੋਲ ਹਨ। ਤੁਸੀਂ ਸਿਰਫ ਆਪਣੀ ਦਵਾਈ ਤਾਂ ਹੀ ਲੈ ਸਕਦੇ ਹੋ ਜੇ ਉਹ ਅਸਲ ਡੱਬੇ ਵਿਚ ਹੈ ਅਤੇ ਉਸ ਤੇ ਤੁਹਾਡਾ ਨਾਮ ਲਿਖਿਆ ਹੋਇਆ ਹੈ।

ਕੋਈ ਵੀ ਗੈਰ ਕਾਨੂੰਨੀ ਡਰੱਗਸ ਦੀ ਵਰਤੋਂ ਬਾਰੇ ਮੈਡਿਕ ਨੂੰ ਇਮਾਨਦਾਰੀ ਨਾਲ ਦੱਸੋ। ਤੁਸੀਂ ਕਿਸੀ ਮੁਸੀਬਤ ਵਿੱਚ **ਨਹੀਂ** ਪਵੋਗੇ, ਭਾਵੇਂ ਤੁਸੀਂ ਦੱਸੋ ਕਿ ਤੁਸੀਂ ਗੈਰਕਾਨੂੰਨੀ ਡਰੱਗਸ ਦੀ ਵਰਤੋਂ ਕਰ ਰਹੇ ਹੋ। ਮੈਡਿਕ ਨੂੰ ਸਿਰਫ ਤੁਹਾਡੀ ਸਿਹਤ ਅਤੇ ਸੁਰੱਖਿਆ ਲਈ ਪਤਾ ਹੋਣ ਦੀ ਲੋੜ ਹੈ।

**ਕੀ ਤੁਹਾਨੂੰ ਮਾਹਵਾਰੀ ਹੋ ਰਹੀ ਹੈ?** ਕਿਸੇ ਪੁਲਿਸ ਅਫ਼ਸਰ ਜਾਂ ਮੈਡਿਕ ਨੂੰ ਦੱਸੋ ਅਤੇ ਉਹ ਤੁਹਾਨੂੰ ਪੈਡ ਜਾਂ ਟੈਂਪਨ ਦੇਣਗੇ। ਇਹ ਮੁਫਤ ਹਨ।

**ਕੀ ਤੁਹਾਨੂੰ ਮੈਡੀਕਲ ਚਿੰਤਾ ਹੈ?** ਮੈਡਿਕ ਨੂੰ ਦੱਸੋ। ਮੈਡਿਕ ਤੁਹਾਡੀ ਸੁਰੱਖਿਆ ਅਤੇ ਸਿਹਤ ਨੂੰ ਯਕੀਨੀ ਬਣਾਉਣ ਲਈ ਉਥੇ ਹੈ। ਜਦੋਂ ਤੁਸੀਂ ਅਰੈਸਟ ਪ੍ਰੋਸੈਸਿੰਗ ਵਿੱਚ ਹੁੰਦੇ ਹੋ ਤਾਂ ਤੁਸੀਂ ਕਿਸੇ ਵੀ ਸਮੇਂ ਮੈਡਿਕ ਲਈ ਮੰਗ ਕਰ ਸਕਦੇ ਹੋ।

## ਕਾਨੂੰਨੀ ਸਲਾਹ/ਇੱਕ ਵਕੀਲ ਨੂੰ ਬੁਲਾਉਣਾ

ਤੁਹਾਨੂੰ ਬੁੱਕ ਇਨ ਕਰਨ ਤੋਂ ਬਾਅਦ, ਤੁਹਾਨੂੰ ਇੱਕ ਫੋਨ ਮਿਲਦਾ ਹੈ ਤਾਂ ਜੋ ਤੁਸੀਂ ਇੱਕ ਵਕੀਲ ਨੂੰ ਕਾਲ ਕਰ ਸਕੋ। ਇੱਕ ਵਕੀਲ ਤੁਹਾਨੂੰ ਕਾਨੂੰਨ ਅਤੇ ਤੁਹਾਡੀ ਸਥਿਤੀ ਬਾਰੇ ਸਲਾਹ ਦੇਣ ਵਿੱਚ ਮਦਦ ਕਰ ਸਕਦਾ ਹੈ। ਤੁਸੀਂ ਆਪਣੇ ਵਕੀਲ ਨਾਲ ਗੁਪਤ ਰੂਪ ਵਿੱਚ ਗੱਲ ਕਰ ਸਕਦੇ ਹੋ। ਤੁਸੀਂ ਆਪਣੇ ਦੁਆਰਾ ਚੁਣੇ ਗਏ ਕਿਸੇ ਵੀ ਵਕੀਲ ਨੂੰ ਕਾਲ ਕਰ ਸਕਦੇ ਹੋ।

ਬਹੁਤੇ ਵਕੀਲਾਂ ਨਾਲ ਗੱਲ ਕਰਨ ਲਈ, ਤੁਹਾਨੂੰ ਪੈਸੇ ਦੇਣੇ ਪੈਂਦੇ ਹਨ। ਜੇ ਤੁਸੀਂ ਇੱਕ ਵਕੀਲ ਲਈ ਭੁਗਤਾਨ ਨਹੀਂ ਕਰ ਸਕਦੇ, ਤਾਂ ਤੁਸੀਂ ਅਲਬਰਟਾ ਲੀਗਲ ਏਡ ਦੀ ਵਰਤੋਂ ਕਰ ਸਕਦੇ ਹੋ। ਲੀਗਲ ਏਡ ਦੇ ਵਕੀਲਾਂ ਲਈ ਤੁਹਾਨੂੰ ਪੈਸੇ ਨਹੀਂ ਖਰਚਣੇ ਪੈਂਦੇ। ਉਹ ਤੁਹਾਡੀ ਜ਼ਮਾਨਤ ਦੀ ਸੁਣਵਾਈ ਦੌਰਾਨ ਤੁਹਾਡੀ ਮਦਦ ਕਰ ਸਕਦੇ ਹਨ। ਹਿਰਾਸਤ ਵਿੱਚ ਬਹੁਤ ਸਾਰੇ ਲੋਕ ਇਸ ਸੇਵਾ ਦੀ ਵਰਤੋਂ ਕਰਦੇ ਹਨ।

ਜੇ ਤੁਸੀਂ ਲੀਗਲ ਏਡ ਤੋਂ ਕਿਸੇ ਨਾਲ ਗੱਲ ਕਰਦੇ ਹੋ, ਤਾਂ ਉਹ:

- ਤੁਹਾਡੇ ਨਾਲ ਤੁਹਾਡੇ ਕੇਸ ਬਾਰੇ ਗੱਲ ਕਰਨਗੇ
- ਤੁਹਾਨੂੰ ਕਾਨੂੰਨੀ ਸਲਾਹ ਦੇਣਗੇ
- ਤੁਹਾਡੇ ਹਿੱਤਾਂ ਅਤੇ ਤੁਹਾਡੀ ਰਿਹਾਈ ਲਈ ਤੁਹਾਡੀਆਂ ਬੇਨਤੀਆਂ ਅਤੇ ਯੋਜਨਾਵਾਂ ਲਈ ਕਰਾਉਨ ਵਕੀਲ (ਸਰਕਾਰੀ ਵਕੀਲ) ਨਾਲ ਗੱਲ ਕਰਨਗੇ
- ਤੁਹਾਡੇ ਹਿੱਤਾਂ ਅਤੇ ਤੁਹਾਡੇ ਅਧਿਕਾਰਾਂ ਲਈ ਜਸਟਿਸ ਆਫ਼ ਦ ਪੀਸ ਨਾਲ ਗੱਲ ਕਰਨਗੇ

## ਹੋਲਡਿੰਗ ਸੈੱਲ

ਤੁਹਾਡੇ ਫ਼ੋਨ ਦੀ ਵਰਤੋਂ ਕਰਨ ਤੋਂ ਬਾਅਦ, ਤੁਸੀਂ ਜ਼ਮਾਨਤ ਦੀ ਸੁਣਵਾਈ ਦਾ ਇੰਤਜ਼ਾਰ ਕਰਨ ਲਈ ਇੱਕ ਸੈੱਲ ਵਿੱਚ ਜਾਂਦੇ ਹੋ। ਸੈੱਲ ਵਿਚ ਇੱਕ ਟਾਇਲਟ, ਇੱਕ ਸਿੰਕ ਅਤੇ ਪਾਣੀ ਦਾ ਇੱਕ ਫਾਉਂਟੇਨ ਹੁੰਦਾ ਹੈ। ਸੈੱਲ ਸਾਫ਼ ਹੋਣਾ ਚਾਹੀਦਾ ਹੈ। ਤੁਹਾਨੂੰ ਹੋਰ ਲੋਕਾਂ ਨਾਲ ਸੈੱਲ ਸਾਂਝਾ ਕਰਨਾ ਪੈ ਸਕਦਾ ਹੈ। ਤੁਹਾਨੂੰ ਹਰ 6 ਘੰਟਿਆਂ ਵਿੱਚ ਇੱਕ ਸੈਂਡਵਿਚ ਅਤੇ ਪਾਣੀ ਦੀ ਇੱਕ ਬੋਤਲ ਮੁਹੱਈਆ ਕੀਤੀ ਜਾਂਦੀ ਹੈ।

ਨੋਟਿਸ
ਇਸ ਸੈੱਲ ਦੀ 24 ਘੰਟੇ ਵੀਡੀਓ ਦੁਆਰਾ ਨਿਗਰਾਨੀ ਕੀਤੀ ਜਾਂਦੀ ਹੈ

# ਜੇ ਤੁਹਾਨੂੰ ਗਿਰਫਤਾਰ ਕਰ ਲਿਆ ਜਾਂਦਾ ਹੈ ਤਾਂ ਕੀ ਹੋਏਗਾ

CALGARY POLICE SERVICE

## ਜ਼ਮਾਨਤ ਦੀਆਂ ਸੁਣਵਾਈਆਂ

ਜ਼ਮਾਨਤ ਦੀ ਸੁਣਵਾਈ ਤੁਹਾਡੇ ਕੇਸ ਦੀ **ਪਹਿਲੀ ਮੀਟਿੰਗ** ਹੁੰਦੀ ਹੈ। ਤੁਸੀਂ ਇੱਥੇ ਹੋ ਕਿਉਂਕਿ ਤੁਸੀਂ ਕੁੱਝ ਅਜਿਹਾ ਕੀਤਾ ਹੈ ਜੋ **ਸ਼ਾਇਦ** ਕੋਈ ਜੁਰਮ ਹੈ। ਇਹ ਮੀਟਿੰਗ ਫ਼ੈਸਲਾ ਕਰਦੀ ਹੈ ਕਿ ਕੀ ਤੁਹਾਡੇ ਖਿਲਾਫ ਇਲਜ਼ਾਮ ਇੱਕ ਅਧਿਕਾਰਕ ਅਪਰਾਧਿਕ ਦੋਸ਼ ਹੈ।

## ਜ਼ਮਾਨਤ ਦੀ ਸੁਣਵਾਈ ਕਿਵੇਂ ਹੁੰਦੀ ਹੈ

1. ਕਰਾਉਨ ਵਕੀਲ ਅਤੇ ਤੁਹਾਡੇ ਵਕੀਲ (ਜੇ ਤੁਹਾਡੇ ਕੋਲ ਵਕੀਲ ਹੈ) ਦੁਆਰਾ ਤੁਹਾਡੇ ਕੇਸ (ਤੁਹਾਡੇ ਖਿਲਾਫ ਲਗਾਏ ਗਏ ਦੋਸ਼) ਦੀ ਸਮੀਖਿਆ ਕੀਤੀ ਜਾਂਦੀ ਹੈ।
2. ਤੁਹਾਡੇ ਕੇਸ ਅਤੇ ਸਮੀਖਿਆ ਤੋਂ ਮਿਲੀ ਜਾਣਕਾਰੀ ਨੂੰ ਸਮੀਖਿਆ ਕਰਨ ਲਈ ਜਸਟਿਸ ਆਫ਼ ਦ ਪੀਸ ਕੋਲ ਲਿਆਇਆ ਜਾਂਦਾ ਹੈ।
3. ਜਸਟਿਸ ਆਫ਼ ਦ ਪੀਸ ਇਹਨਾਂ ਤੋਂ ਸੁਣਦਾ ਹੈ:
   - ਸਥਿਤੀ ਬਾਰੇ ਕਰਾਉਨ ਵਕੀਲ ਤੋਂ
   - ਤੁਸੀਂ ਜਾਂ ਤੁਹਾਡਾ ਵਕੀਲ ਹਿਰਾਸਤ ਵਿਚ ਰਹਿਣ ਜਾਂ ਸ਼ਰਤਾਂ ਦੇ ਨਾਲ ਜਾਂ ਬਿਨਾਂ ਸ਼ਰਤਾਂ ਦੇ, ਰਿਹਾ ਕੀਤੇ ਜਾਣ ਲਈ, ਤੁਹਾਡੀ ਤਰਫੋਂ ਵਕਾਲਤ ਕਰ ਸਕਦੇ ਹਨ,
4. ਜਸਟਿਸ ਆਫ਼ ਦ ਪੀਸ ਤੁਹਾਡੀ ਅਦਾਲਤ ਦੀ ਅਗਲੀ ਤਰੀਕ ਦਾ ਫੈਸਲਾ ਕਰਦਾ ਹੈ। ਅਦਾਲਤ ਦੀ ਤਰੀਕ ਉਹ ਦਿਨ ਅਤੇ ਸਮਾਂ ਹੈ ਜਦੋਂ ਇੱਕ ਜੱਜ ਦੁਆਰਾ ਆਪਣੇ ਕੇਸ ਦੀ ਸਮੀਖਿਆ ਕਰਨ ਲਈ ਤੁਹਾਡੇ ਵਾਸਤੇ ਅਦਾਲਤ ਵਿਚ ਆਉਣਾ ਲਾਜ਼ਮੀ ਹੁੰਦਾ ਹੈ।
5. ਜਸਟਿਸ ਆਫ਼ ਦ ਪੀਸ ਫ਼ੈਸਲਾ ਕਰਦਾ ਹੈ ਕਿ ਕੀ ਤੁਹਾਨੂੰ ਰਿਹਾ ਕੀਤਾ ਜਾਣਾ ਹੈ। ਇਨ੍ਹਾਂ ਵਿੱਚੋਂ ਇੱਕ ਤੁਹਾਡੇ ਨਾਲ ਵਾਪਰੇਗਾ:
   - ਤੁਹਾਨੂੰ **ਸ਼ਰਤਾਂ ਤੋਂ ਬਿਨਾਂ ਰਿਹਾ ਕਰ ਦਿੱਤਾ ਜਾਂਦਾ ਹੈ।** ਇਸਦਾ ਅਰਥ ਹੈ ਕਿ ਤੁਸੀਂ ਆਪਣੀ ਅਦਾਲਤ ਦੀ ਤਰੀਕ ਤੋਂ ਪਹਿਲਾਂ ਤੁਹਾਡੇ ਉੱਤੇ ਕੋਈ ਵਾਧੂ ਨਿਯਮ ਜਾਂ ਸੀਮਾਵਾਂ ਦੇ ਬਿਨਾਂ ਜਾ ਸਕਦੇ ਹੋ।
   - ਤੁਹਾਨੂੰ **ਸ਼ਰਤਾਂ ਦੇ ਨਾਲ ਰਿਹਾ ਕੀਤਾ ਜਾਂਦਾ ਹੈ।** ਇਸਦਾ ਅਰਥ ਹੈ ਕਿ ਤੁਸੀਂ ਜਾ ਸਕਦੇ ਹੋ, ਪਰ ਅਜਿਹੇ ਨਿਯਮ ਅਤੇ ਸੀਮਾਵਾਂ ਹਨ ਜਿਨ੍ਹਾਂ ਦੀ ਪਾਲਣਾ ਕਰਨਾ ਤੁਹਾਡੇ ਲਈ ਲਾਜ਼ਮੀ ਹੈ।
   - ਤੁਹਾਨੂੰ **ਰਿਹਾ ਨਹੀਂ ਕੀਤਾ ਜਾਂਦਾ।** ਅਦਾਲਤ ਵਿੱਚ ਜਾਣ ਦਾ ਇੰਤਜ਼ਾਰ ਕਰਦੇ ਹੋਏ ਤੁਹਾਡੇ ਲਈ ਹਿਰਾਸਤ/ਜੇਲ ਵਿੱਚ ਰਹਿਣਾ ਲਾਜ਼ਮੀ ਹੈ।

## ਹਿਰਾਸਤ ਵਿਚੋਂ ਰਿਹਾਈ

ਜੇ ਜਸਟਿਸ ਆਫ਼ ਦ ਪੀਸ ਇਹ ਫੈਸਲਾ ਕਰਦਾ ਹੈ ਕਿ ਤੁਹਾਨੂੰ ਹਿਰਾਸਤ ਤੋਂ ਰਿਹਾ ਕੀਤਾ ਜਾ ਸਕਦਾ ਹੈ, ਤਾਂ ਰਿਹਾਈ ਦੇ ਕਾਗਜ਼ਾਤ ਤਿਆਰ ਕੀਤੇ ਜਾਂਦੇ ਹਨ। ਕਾਗਜ਼ੀ ਕਾਰਵਾਈ ਵਿਚ ਕਈ ਘੰਟੇ ਲੱਗ ਸਕਦੇ ਹਨ। ਕਾਗਜ਼ੀ ਕਾਰਵਾਈ ਪੂਰੀ ਹੋਣ ਤੇ:

- ਤੁਸੀਂ ਬੁੱਕ-ਇਨ ਖੇਤਰ ਵਿਚ ਵਾਪਸ ਜਾ ਸਕਦੇ ਹੋ
- ਕੋਈ ਤੁਹਾਨੂੰ ਕਾਗਜ਼ਾਤਾਂ ਬਾਰੇ ਦੱਸਦਾ ਹੈ
- ਤੁਹਾਨੂੰ ਇਹ ਦਿਖਾਉਣ ਲਈ ਦਸਤਾਵੇਜ਼ਾਂ ਤੇ ਦਸਤਖ਼ਤ ਕਰਨੇ ਪੈਣਗੇ ਕਿ ਤੁਸੀਂ ਉਨ੍ਹਾਂ ਨੂੰ ਸਮਝਦੇ ਹੋ

ਜਦੋਂ ਤੁਸੀਂ ਰਿਹਾਈ ਦੇ ਕਾਗਜ਼ਾਤਾਂ ਤੇ ਹਸਤਾਖਰ ਕਰਦੇ ਹੋ, ਤਾਂ ਤੁਸੀਂ ਆਪਣਾ ਸਮਾਨ ਵਾਪਸ ਪ੍ਰਾਪਤ ਕਰਦੇ ਹੋ। ਤੁਹਾਨੂੰ ਇਸ ਬਾਰੇ ਸਹਿਮਤ ਹੋਣ ਲਈ ਪ੍ਰਾਪਰਟੀ ਸ਼ੀਟ ਤੇ ਹਸਤਾਖਰ ਕਰਨ ਲਈ ਕਿਹਾ ਜਾਂਦਾ ਹੈ ਤਾਂ ਕਿ ਤੁਹਾਡਾ ਸਾਰਾ ਸਮਾਨ ਵਾਪਸ ਕਰ ਦਿੱਤਾ ਗਿਆ ਹੈ। ਤੁਹਾਡਾ ਸਮਾਨ ਵਾਪਸ ਕਰਨ ਤੋਂ ਬਾਅਦ, ਤੁਹਾਨੂੰ ਬਿਲਡਿੰਗ ਤੋਂ ਬਾਹਰ ਲਿਜਾਇਆ ਜਾਂਦਾ ਹੈ।

ਬਿਲਡਿੰਗ ਛੱਡਣ ਤੋਂ ਪਹਿਲਾਂ, ਤੁਸੀਂ ਰਾਈਡ ਲਈ ਫੋਨ ਕਰਨ ਲਈ ਫੋਨ ਦੀ ਵਰਤੋਂ ਕਰਨ ਲਈ ਕਹਿ ਸਕਦੇ ਹੋ। ਜੇ ਤੁਸੀਂ 18 ਸਾਲ ਤੋਂ ਘੱਟ ਹੋ, ਤਾਂ ਤੁਹਾਨੂੰ ਇੱਕ ਬਾਲਗ ਕੋਲ ਰਿਹਾ ਕੀਤਾ ਜਾਂਦਾ ਹੈ।

## ਹਿਰਾਸਤ ਵਿਚ ਰਹਿੰਦੇ ਹੋ

ਜੇ ਜਸਟਿਸ ਆਫ਼ ਦ ਪੀਸ ਇਹ ਫੈਸਲਾ ਲੈਂਦਾ ਹੈ ਕਿ ਤੁਹਾਨੂੰ ਅਦਾਲਤ ਵਿਚ ਹਾਜ਼ਰ ਹੋਣ ਲਈ ਹਿਰਾਸਤ ਵਿਚ ਰਹਿਣ ਦੀ ਜ਼ਰੂਰਤ ਹੈ, ਤਾਂ ਤੁਹਾਨੂੰ ਕੈਲਗਰੀ ਰਿਮਾਂਡ ਸੈਂਟਰ ਜਾਂ ਕਿਸੇ ਹੋਰ ਢੁਕਵੀਂ ਸੁਧਾਰ ਫੈਸਿਲਟੀ ਵਿਚ ਭੇਜਿਆ ਜਾਂਦਾ ਹੈ।

ਤੁਹਾਨੂੰ ਅਤੇ ਤੁਹਾਡੇ ਸਮਾਨ ਨੂੰ ਸੁਧਾਰ ਫੈਸਿਲਟੀ ਵਿੱਚ ਭੇਜਿਆ ਜਾਂਦਾ ਹੈ। ਜਦੋਂ ਤੁਸੀਂ ਪਹੁੰਚਦੇ ਹੋ, ਤਾ ਸੁਧਾਰ ਫੈਸਿਲਟੀ ਤੁਹਾਨੂੰ ਦੱਸਦੀ ਹੈ ਕਿ ਅੱਗੇ ਕੀ ਹੁੰਦਾ ਹੈ।

ਤੁਹਾਨੂੰ ਪੂਰੇ ਸਮੇਂ ਲਈ ਡਾਕਟਰੀ ਦੇਖਭਾਲ ਅਤੇ ਇੱਕ ਫੋਨ ਤੱਕ ਪਹੁੰਚ ਉਪਲਬਧ ਹੁੰਦੀ ਹੈ।

## ਆਪਣੇ ਚੁੱਪ ਰਹਿਣ ਦੇ ਅਧਿਕਾਰ ਨੂੰ ਯਾਦ ਰੱਖੋ

ਤੁਹਾਨੂੰ ਕੁਝ ਨਹੀਂ ਬੋਲਣ ਦਾ ਅਧਿਕਾਰ ਹੈ। ਤੁਸੀਂ ਜੋ ਵੀ ਕਹਿੰਦੇ ਹੋ ਉਹ ਬਾਅਦ ਦੀ ਅਦਾਲਤ ਦੀ ਤਰੀਕ ਤੇ ਤੁਹਾਡੇ ਵਿਰੁੱਧ ਸਬੂਤ ਹੋ ਸਕਦਾ ਹੈ।

ਜੇ ਤੁਹਾਨੂੰ ਸੰਦਿਗਧ ਅਪਰਾਧ ਬਾਰੇ ਪੁੱਛਿਆ ਜਾਂਦਾ ਹੈ, ਤਾਂ ਤੁਹਾਨੂੰ ਕੁਝ ਵੀ ਕਹਿਣ ਦੀ ਜ਼ਰੂਰਤ ਨਹੀਂ ਹੈ।

ਜੇ ਤੁਸੀਂ ਨਿਸ਼ਚਿਤ ਨਹੀਂ ਹੋ ਕਿ ਤੁਹਾਨੂੰ ਬੋਲਣਾ ਚਾਹੀਦਾ ਹੈ, ਤਾਂ ਉਦੋਂ ਤਕ ਇੰਤਜ਼ਾਰ ਕਰੋ ਜਦੋਂ ਤੱਕ ਤੁਸੀਂ ਪਹਿਲਾਂ ਇੱਕ ਵਕੀਲ ਨਾਲ ਗੱਲ ਨਹੀਂ ਕਰ ਲੈਂਦੇ।

## ਸ਼ਿਕਾਇਤ ਕਿਵੇਂ ਕਰਨੀ ਹੈ

ਕੀ ਤੁਹਾਡੀ ਇਸ ਬਾਰੇ ਕੋਈ ਸ਼ਿਕਾਇਤ ਹੈ ਕਿ ਅਰੈਸਟ ਪ੍ਰੋਸੈਸਿੰਗ ਵਿਚ ਤੁਹਾਡੇ ਨਾਲ ਕਿਵੇਂ ਸਲੂਕ ਕੀਤਾ ਗਿਆ ਸੀ?

- ਪ੍ਰੋਫੈਸ਼ਨਲ ਸਟੈਂਡਰਡਜ਼ ਸੈਕਸ਼ਨ ਨੂੰ 403-428-5904 'ਤੇ ਫੋਨ ਕਰੋ, ਜਾਂ
- www.calgarypolicecommission.ca 'ਤੇ ਜਾਓ